FP
9/12/2022

DD(IT)

**ਪੰਜਾਬ ਸਰਕਾਰ**

**ਲੋਕ ਨਿਰਮਾਣ ਵਿਭਾਗ**

**(ਇਮਾਰਤਾਂ ਅਤੇ ਸੜਕਾਂ-1 ਸ਼ਾਖਾ)**

**ਅਧਿਸੂਚਨਾ**

ਨੰ:05/49/2022-2ਇਸ1/ 3232 ਮਿਤੀ,ਚੰਡੀਗੜ੍ਹ, 30/11/2022

ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ ਜਿਲਦ-1 ਭਾਗ-1 ਦੇ ਨਿਯਮ 3.26(ੲ) ਅਤੇ (ਬੀ) ਵਿੱਚ ਵਿੱਤ ਵਿਭਾਗ ਵਲੋਂ ਨੋਟੀਫਿਕੇਸ਼ਨ ਮਿਤੀ 02.03.2020 ਰਾਹੀਂ ਕੀਤੀ ਗਈ ਸੋਧ ਦੇ ਸਨਮੁੱਖ ਹੇਠ ਦਰਸਾਏ ਕਾਰਜਕਾਰੀ ਇੰਜ਼ੀਨੀਅਰਾਂ ਨੂੰ 58/60 ਸਾਲ ਦੀ ਉਮਰ ਪੂਰੀ ਕਰਨ ਤੇ ਮਿਤੀ 30.11.2022 ਤੋਂ ਸੇਵਾ ਨਿਵਰਿਤ ਕੀਤਾ ਜਾਂਦਾ ਹੈ:-

| ਲੜੀ ਨੰ: | ਅਧਿਕਾਰੀ ਦਾ ਨਾਮ ਸਰਵ ਸ੍ਰੀ | ਮੌਜੂਦਾ ਪੋਸਟਿੰਗ | ਵਿਸ਼ੇਸ਼ ਕਥਨ |
|---|---|---|---|
| 1. | ਪ੍ਰਸੋਤਮ ਦਾਸ ਰਾਣਾ ਪੁੱਤਰ ਸ੍ਰੀ ਹਰਨਾਮ ਦਾਸ | ਮੁੱਖ ਦਫਤਰ, ਪਟਿਆਲਾ | 58 ਸਾਲ ਦੀ ਉਮਰ ਪੂਰੀ ਕਰਨ ਤੇ |
| 2. | ਬਸੰਤ ਲਾਲ ਪੁੱਤਰ ਸ੍ਰੀ ਰਾਮ ਲਾਲ | ਮੁੱਖ ਦਫਤਰ, ਪਟਿਆਲਾ | 60 ਸਾਲ ਦੀ ਉਮਰ ਪੂਰੀ ਕਰਨ ਤੇ (ਦਿਵਿਆਂਗਜਨ ਕੈਟਾਗਰੀ) |

2. ਜੇਕਰ ਉਪਰੋਕਤ ਅਧਿਕਾਰੀਆਂ ਵਿਰੁੱਧ ਕੋਈ ਵਿਭਾਗੀ/ਚੌਕਸੀ ਪੜ੍ਹਤਾਲ ਜਾਂ ਮਿਸਲੇਨੀਅਸ ਐਡਵਾਂਸ ਰਕਮ ਆਦਿ ਦਾ ਕੇਸ ਲੰਬਿਤ ਹੋਵੇ ਤਾਂ ਉਸ ਤੇ ਇਹਨਾਂ ਰਿਟਾਇਰਮੈਂਟ ਦੇ ਹੁਕਮਾਂ ਦਾ ਕੋਈ ਅਸਰ ਨਹੀਂ ਹੋਵੇਗਾ ਅਤੇ ਸਬੰਧਤ ਅਧਿਕਾਰੀਆਂ ਵਿਰੁੱਧ ਕਾਰਵਾਈ ਜਾਰੀ ਰੱਖਣ ਦਾ ਸਰਕਾਰ ਦਾ ਹੱਕ ਰਾਖਵਾਂ ਹੋਵੇਗਾ। ਇਸ ਤੋਂ ਇਲਾਵਾ ਜੇਕਰ ਇਹਨਾਂ ਅਧਿਕਾਰੀਆਂ ਵਿਰੁੱਧ ਸਰਕਾਰ ਦਾ ਕੋਈ ਬਕਾਇਆ ਆਦਿ ਲੰਬਿਤ ਹੋਵੇ ਤਾਂ ਉਸ ਨੂੰ ਰਿਕਵਰ ਕਰਨ ਦਾ ਅਧਿਕਾਰ ਸਰਕਾਰ ਪਾਸ ਰਾਖਵਾਂ ਹੋਵੇਗਾ।

**ਮਿਤੀ, ਚੰਡੀਗੜ੍ਹ,**
**30 ਨਵੰਬਰ, 2022**

**ਨੀਲਕੰਠ ਐਸ. ਆਵ੍ਹਾਡ, ਆਈ.ਏ.ਐਸ.**
**ਸਕੱਤਰ, ਪੰਜਾਬ ਸਰਕਾਰ**
**ਲੋਕ ਨਿਰਮਾਣ ਵਿਭਾਗ (ਭ ਤੇ ਮ ਸ਼ਾਖਾ)**

ਇੱਕ ਉਤਾਰਾ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਅਧਿਸੂਚਨਾ ਆਉਣ ਵਾਲੇ ਅਗਲੇਰੇ ਪੰਜਾਬ ਸਰਕਾਰ ਦੇ ਆਮ ਗਜਟ ਵਿੱਚ ਪ੍ਰਕਾਸ਼ਤ ਕਰਨ ਅਤੇ ਇਸ ਦੀਆਂ 25 ਕਾਪੀਆਂ ਰਿਕਾਰਡ ਹਿੱਤ ਭੇਜੀਆਂ ਜਾਣ।

30/11
ਸੁਪਰਡੰਟ

ਪਿ.ਅੰ.ਨੰ:05/49/2022-2ਇਸ1/ 3233/1-5 ਮਿਤੀ, ਚੰਡੀਗੜ੍ਹ, 30/11/22

ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ;
2. ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ;
3. ਮੁੱਖ ਇੰਜੀਨੀਅਰ (ਹੈ.ਕੁ), ਪੰਜਾਬ ਲੋਕ ਨਿਰਮਾਣ ਵਿਭਾਗ (ਭਤੇਮ ਸ਼ਾਖਾ), ਪਟਿਆਲਾ ਨੂੰ ਉਹਨਾਂ ਦੇ ਪੱਤਰ ਨੰ:8488/ਅ-1 ਮਿਤੀ 21.11.2022 ਦੇ ਹਵਾਲੇ ਵਿੱਚ ਲਿਖਿਆ ਜਾਂਦਾ ਹੈ ਕਿ ਸੇਵਾ ਨਿਵਰਿਤੀ ਦੇ ਲਾਭ ਦੇਣ ਤੋਂ ਪਹਿਲਾਂ ਲੰਬਿਤ ਪੜਤਾਲਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ;
4. ਸਬੰਧਤ ਅਧਿਕਾਰੀ (ਮਾਰਫਤ: ਮੁੱਖ ਇੰਜੀਨੀਅਰ (ਹੈ.ਕੁ), ਪੰਜਾਬ ਲੋਕ ਨਿਰਮਾਣ ਵਿਭਾਗ

4 29894
21.12.22

DD(IT)

**ਦਫਤਰ: ਮੁੱਖ ਇੰਜੀਨੀਅਰ ਪੰਜਾਬ, ਲੋਕ ਨਿਰਮਾਣ ਵਿਭਾਗ ਭਵਨ ਤੇ ਮਾਰਗ ਸ਼ਾਖਾ ਪਟਿਆਲਾ।**

ਦਫਤਰੀ ਹੁਕਮ ਨੰ: 769 /ਅ-III ਮਿਤੀ: 2/12/22

ਪ੍ਰਬੰਧਕੀ ਜਰੂਰਤਾਂ ਨੂੰ ਮੁੱਖ ਰਖਦੇ ਹੋਏ ਮੁੱਖ ਦਫਤਰ ਦੇ ਹੇਠ ਦਰਸਾਏ ਸੀਨੀਅਰ ਸਹਾਇਕਾਂ ਦੀ **ਐਡਜੈਸਟਮੈਟਾਂ** ਉਨ੍ਹਾਂ ਦੇ ਨਾਮ ਦੇ ਸਾਹਮਣੇ ਦਰਸ਼ਾਏ ਅਨੁਸਾਰ ਕੀਤੀਆਂ ਜਾਂਦੀਆਂ ਹਨ:-

| ਲੜੀ ਨੰ. | ਕਰਮਚਾਰੀ ਦਾ ਨਾਮ | ਕਿਥੋਂ | ਕਿਥੇ | ਵਿਸ਼ੇਸ਼ ਕਥਨ |
|---|---|---|---|---|
| 1. | ਸ਼੍ਰੀ ਸੁਖਪ੍ਰੀਤ ਸਿੰਘ, ਸੀਨੀਅਰ ਸਹਾਇਕ | ਕੈਸ਼ ਭਾਗ | ਜੀ.ਏ.ਸੀ ਭਾਗ | ਸ੍ਰੀਮਤੀ ਪੂਨਮ ਸੀਨੀਅਰ ਸਹਾਇਕ ਦੀ ਬਦਲੀ ਹੋਣ ਉਪਰੰਤ ਖਾਲੀ ਹੋਈ ਅਸਾਮੀ ਵਿਰੁੱਧ। |
| 2. | ਸ਼੍ਰੀ ਹਰਮਨਪ੍ਰੀਤ ਸਿੰਘ, ਸੀਨੀਅਰ ਸਹਾਇਕ | ਲੇਖਾ ਸੈਲ | ਅਮਲਾ ਭਾਗ-। | ਇਹ ਕਰਮਚਾਰੀ ਆਪਣੇ ਕੰਮ ਦੇ ਨਾਲ ਨਾਲ ਅਮਲਾ ਭਾਗ-1 ਵਿੱਚ ਸ੍ਰੀ ਰਾਕੇਸ ਮਾਨ ਸੀਨੀਅਰ ਸਹਾਇਕ ਅਮਲਾ ਭਾਗ-1 ਦੇ ਛੁੱਟੀ ਸਮੇ ਦੋਰਾਨ ਕੰਮ ਵੀ ਦੇਖਣਗੇ। |

ਇੰਜੀ:ਅਮਰਦੀਪ ਸਿੰਘ ਬਰਾੜ
ਮੁੱਖ ਇੰਜੀਨੀਅਰ (ਹੈੱਡਕੁਆਟਰ-2) ਪੰਜਾਬ
ਲੋਕ ਨਿਰਮਾਣ ਵਿਭਾਗ (ਭ ਤੇ ਮ) ਸ਼ਾਖਾ,
ਪਟਿਆਲਾ।

ਪਿੱਠ ਅੰਕਣ ਨੰ. 9863-75 /ਅ-III ਮਿਤੀ: 2/12/22

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪੀ.ਏ ਟੂ ਮੁੱਖ ਇੰਜੀਨੀਅਰ (ਹੈ:ਕੁ-2), ਮੁੱਖ ਦਫਤਰ ਪਟਿਆਲਾ।
2. ਨਿਗਰਾਨ ਇੰਜੀਨੀਅਰ (ਹੈ:ਕੁ), ਮੁੱਖ ਦਫਤਰ ਪਟਿਆਲਾ।
3. ਰਜਿਸਟਰਾਰ, ਮੁੱਖ ਦਫਤਰ ਪਟਿਆਲਾ
4. ਜੁਆਇੰਟ ਕੰਟਰੋਲਰ (ਵਿੱਤ ਤੇ ਲੇਖਾ),ਮੁੱਖ ਦਫਤਰ ਪਟਿਆਲਾ।
5. ਸੁਪਰਡੰਟ (ਅਮਲਾ ਭਾਗ-।/ਜੀ.ਏ.ਸੀ ਭਾਗ/ਲੇਖਾ ਸੈਲ/ਕੈਸ਼ ਭਾਗ),ਮੁੱਖ ਦਫਤਰ ਪਟਿਆਲਾ।
6. ਸੇਵਾ ਪੱਤਰੀ ਸਹਾਇਕ, ਮੁੱਖ ਦਫਤਰ ਪਟਿਆਲਾ।
7. ਡਿਪਟੀ ਡਾਇਰੈਕਟਰ (ਆਈ.ਟੀ), ਪੀ.ਆਰ.ਬੀ.ਡੀ.ਬੀ ਬੋਰਡ, ਮੋਹਾਲੀ ਨੂੰ ਵਿਭਾਗ ਦੀ ਵੈਬਸਾਇਟ ਤੇ ਅਪਲੋਡ ਕਰਨ ਹਿੱਤ।
8. ਸਬੰਧਤ ਕਰਮਚਾਰੀ।

ਸੁਪਰਡੰਟ (ਅਮਲਾ ਭਾਗ-III)
ਵਾ: ਮੁੱਖ ਇੰਜੀਨੀਅਰ, ਲੋਕ ਨਿਰਮਾਣ ਵਿਭਾਗ
ਭਵਨ ਤੇ ਮਾਰਗ ਸ਼ਾਖਾ, ਪਟਿਆਲਾ।

16 ਜੇ
20/12

ਪੰਜਾਬ ਸਰਕਾਰ
ਲੋਕ ਨਿਰਮਾਣ ਵਿਭਾਗ
(ਇਮਾਰਤਾਂ ਤੇ ਸੜਕਾਂ-1 ਸ਼ਾਖਾ)

ਦਫਤਰ ਮੁੱਖ ਇੰਜੀਨੀਅਰ, ਪੰਜਾਬ
ਲੋ.ਨਿ.ਵਿ. ਭ ਤੇ ਮ. ਸ਼ਾਖਾ, ਪਟਿਆਲਾ
ਅਮਲਾ ਬ੍ਰਾਂਚ-1
ਡਾਇਰੀ ਨੰ: 1177/ਜੈ ਮਿਤੀ 21.12.2022

**ਦਫਤਰੀ ਹੁਕਮ**

ਸਰਕਾਰ ਦੇ ਹੁਕਮ ਮਿਤੀ 06.12.2022 ਰਾਹੀਂ ਸ੍ਰੀ ਰਵੀ ਚਾਵਲਾ ਦੇ ਬਤੌਰ ਮੁੱਖ ਇੰਜੀਨੀਅਰ, ਲੋਕ ਨਿਰਮਾਣ ਵਿਭਾਗ (ਭ ਤੇ ਮ) ਪਦ-ਉੱਨਤ ਹੋਣ ਉਪਰੰਤ ਸ੍ਰੀ ਜੇ.ਐਸ. ਆਨੰਦ, ਨਿਗਰਾਨ ਇੰਜੀਨੀਅਰ, ਉਸਾਰੀ ਹਲਕਾ ਨੰ:1, ਪਟਿਆਲਾ ਨੂੰ ਆਪਣੇ ਕੰਮ ਦੇ ਨਾਲ ਨਾਲ ਉਸਾਰੀ ਹਲਕਾ ਨੰ:2, ਪਟਿਆਲਾ ਦੀ ਖਾਲੀ ਅਸਾਮੀ ਦਾ ਵਾਧੂ ਚਾਰਜ ਅਗਲੇ ਹੁਕਮਾਂ ਤੱਕ ਸੌਂਪਿਆ ਜਾਂਦਾ ਹੈ।

2. ਇਸ ਅਸਾਮੀ ਦੇ ਵਾਧੂ ਚਾਰਜ਼ ਦੇ ਇਵਜ਼ ਵਜੋਂ ਅਧਿਕਾਰੀ ਨੂੰ ਕਿਸੇ ਕਿਸਮ ਦਾ ਕੋਈ ਵਾਧੂ ਵਿੱਤੀ/ ਸੀਨੀਆਰਤਾ ਦਾ ਲਾਭ ਨਹੀਂ ਦਿੱਤਾ ਜਾਵੇਗਾ।

3. ਇਹ ਹੁਕਮ ਤੁਰੰਤ ਲਾਗੂ ਹੋਣਗੇ।

**ਮਿਤੀ: 08.12.2022**
**ਚੰਡੀਗੜ੍ਹ**

**ਨੀਲਕੰਠ.ਐਸ. ਆਵ੍ਹਾਡ, ਆਈ.ਏ.ਐਸ.**
**ਸਕੱਤਰ, ਪੰਜਾਬ ਸਰਕਾਰ**
**ਲੋਕ ਨਿਰਮਾਣ (ਭ ਤੇ ਮ)**

**ਪੱ.ਅੰ.ਨੰ: 2/51/2022-ਇਸ1(1)/**3363/1-7 **ਮਿਤੀ: ਚੰਡੀਗੜ੍ਹ-** 09/12/2022

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:

1. ਵਿਸ਼ੇਸ ਸਕੱਤਰ ਮੰਤਰੀ/ ਮਾਨਯੋਗ ਲੋਕ ਨਿਰਮਾਣ ਮੰਤਰੀ, ਪੰਜਾਬ;
2. ਵਿਸ਼ੇਸ਼ ਸਕੱਤਰ ਮੰਤਰੀ/ ਸਕੱਤਰ, ਲੋਕ ਨਿਰਮਾਣ ਵਿਭਾਗ;
3. ਨਿੱਜੀ ਸਕੱਤਰ/ ਵਿਸ਼ੇਸ਼ ਸਕੱਤਰ, ਲੋਕ ਨਿਰਮਾਣ ਵਿਭਾਗ ;
4. ਨਿੱਜੀ ਸਹਾਇਕ/ ਸੰਯੁਕਤ ਸਕੱਤਰ, ਲੋਕ ਨਿਰਮਾਣ ਵਿਭਾਗ;
5. ਨਿੱਜੀ ਸਹਾਇਕ/ ਅਧੀਨ ਸਕੱਤਰ, ਲੋਕ ਨਿਰਮਾਣ ਵਿਭਾਗ;
6. ਮੁੱਖ ਇੰਜੀਨਅਰ, ਹੈਡ ਕੁਆਰਟਰ, ਲੋਕ ਨਿਰਮਾਣ ਵਿਭਾਗ (ਭ ਤੇ ਮ) ਪਟਿਆਲਾ;
7. ਸ੍ਰੀ ਵਿਜੇ ਕੁਮਾਰ ਚੋਪੜਾ, ਮੁੱਖ ਇੰਜੀਨੀਅਰ, (ਇਲੈਕਟ੍ਰੀਕਲ), ਲੋਕ ਨਿਰਮਾਣ ਵਿਭਾਗ (ਭ ਤੇ ਮ)।

**ਅਧੀਨ ਸਕੱਤਰ, ਲੋਕ ਨਿਰਮਾਣ**

S(ਅ-1)
19/12

21/12-22

ਦਫਤਰ: ਮੁੱਖ ਇੰਜੀਨੀਅਰ, ਪੰਜਾਬ ਲੋਕ ਨਿਰਮਾਣ ਵਿਭਾਗ (ਭਵਨ ਤੇ ਮਾਰਗ) ਸ਼ਾਖਾ, ਪਟਿਆਲਾ।

ਪਿੱਠ ਅੰਕਣ ਨੰ: 9393-98 /ਅ-1 ਮਿਤੀ: 22.12.2022

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ ਜੀ:-

1. **ਪੀ.ਏ. ਟੂ ਸਮੂਹ ਮੁੱਖ ਇੰਜੀਨੀਅਰਜ਼, ਲੋਕ ਨਿਰਮਾਣ ਵਿਭਾਗ, ਭ ਤੇ ਮ ਸ਼ਾਖਾ, ਮੁੱਖ ਦਫਤਰ ਪਟਿਆਲਾ।**
2. **ਨਿਗਰਾਨ ਇੰਜੀਨੀਅਰ, ਉਸਾਰੀ ਹਲਕਾ ਨੰ.1,ਲੋਕ ਨਿਰਮਾਣ ਵਿਭਾਗ, ਭ ਤੇ ਮ ਸ਼ਾਖਾ ਪਟਿਆਲਾ/ ਉਸਾਰੀ ਹਲਕਾ ਨੰ.2 ਪਟਿਆਲਾ।**
3. **ਸੁਪਰਡੰਟ ਜੀ.ਏ.ਸੀ.,ਮੁੱਖ ਦਫਤਰ ਪਟਿਆਲਾ।**
4. **ਸੀਨੀਅਰ ਸਹਾਇਕ-5, ਅਮਲਾ ਭਾਗ-1,ਮੁੱਖ ਦਫਤਰ ਪਟਿਆਲਾ।**
5. **ਸਬੰਧਤ ਅਧਿਕਾਰੀ।**

ਸੁਪਰਡੰਟ(ਅਮਲਾ ਭਾਗ -1)
ਵਾ:ਮੁੱਖ ਇੰਜੀਨੀਅਰ,ਪੰਜਾਬ,
ਲੋ: ਨਿ: ਵਿ ਭ ਤੇ ਮ ਸ਼ਾਖਾ
ਪਟਿਆਲਾ।

**ਪੰਜਾਬ ਸਰਕਾਰ**
**ਲੋਕ ਨਿਰਮਾਣ ਵਿਭਾਗ**
**(ਇਮਾਰਤਾਂ ਤੇ ਸੜ੍ਹਕਾਂ-1 ਸ਼ਾਖਾ)**

**<u>ਪੰਜਾਬ ਦੇ ਰਾਜਪਾਲ ਜੀ ਦੇ ਹੁਕਮ</u>**

ਵਿਭਾਗੀ ਤਰੱਕੀ ਕਮੇਟੀ ਦੀ ਮਿਤੀ 29.06.2022 ਨੂੰ ਹੋਈ ਮੀਟਿੰਗ ਵਿੱਚ ਕਮੇਟੀ ਵੱਲੋਂ ਕੀਤੀਆਂ ਗਈਆਂ ਸਿਫਾਰਸ਼ਾਂ ਦੇ ਸਨਮੁੱਖ ਲੋਕ ਨਿਰਮਾਣ ਵਿਭਾਗ (ਭ ਤੇ ਮ ਸ਼ਾਖਾ) ਵਿੱਚ ਕੰਮ ਕਰਦੇ ਹੇਠ ਦਰਸਾਏ ਨਿਗਰਾਨ ਇੰਜੀਨੀਅਰ (ਸਿਵਲ) ਨੂੰ ਬਤੌਰ ਮੁੱਖ ਇੰਜੀਨੀਅਰ (ਸਿਵਲ) ਤਨਖਾਹ ਸਕੇਲ The Punjab Civil Services (Revised Pay) Rules, 2022 ਵਿੱਚ ਦਰਸਾਏ Schedule ਦੇ ਲੈਵਲ-31 (1,48,800-2,18,600 ਰੁਪਏ) ਵਿੱਚ ਹੇਠ ਅਨੁਸਾਰ ਪਦਉਨਤ ਕੀਤਾ ਜਾਂਦਾ ਹੈ:-

| ਲੜੀ ਨੰ. | ਨਾਮ (ਸਰਵ ਸ੍ਰੀ) | ਕੈਟਾਗਰੀ | ਵਿਸ਼ੇਸ਼ ਕਥਨ |
|---|---|---|---|
| 1. | ਰਵੀ ਚਾਵਲਾ | ਜਨਰਲ | ਖਾਲੀ ਅਸਾਮੀ ਵਿਰੁੱਧ |

2. ਇਹ ਪਦਉਨਤੀ ਹੇਠ ਲਿਖੀਆਂ ਸ਼ਰਤਾਂ ਤੇ ਹੋਣਗੀਆਂ:-

I. ਇਹ ਪਦਉਨਤੀ ਇੱਕ ਸਾਲ ਦੇ ਸਮੇਂ ਲਈ ਪਰਖਕਾਲ ਤੇ ਹੋਵੇਗੀ।

II. ਇਹ ਪਦਉਨਤੀ ਮਾਨਯੋਗ ਸੁਪਰੀਮ ਕੋਰਟ ਵਿੱਚ 85ਵੀਂ ਸੰਵਿਧਾਨਕ ਸੋਧ ਦੇ ਸਬੰਧ ਵਿੱਚ ਲੰਬਿਤ ਰਿੱਟ ਪਟੀਸ਼ਨਾਂ ਦੇ ਅੰਤਿਮ ਫੈਸਲੇ ਦੀ ਸ਼ਰਤ ਤੇ ਮੁੜ ਵਿਚਾਰਨ ਯੋਗ ਹੋਵੇਗੀ।

III. ਜੇਕਰ ਅਧਿਕਾਰੀ ਪਦਉਨਤੀ ਲੈਣ ਤੋਂ ਇਨਕਾਰ ਕਰਦਾ ਹੈ ਤਾਂ ਉਸਨੂੰ ਆਮ ਅਤੇ ਸਾਂਝੀਆਂ ਸੇਵਾ ਸ਼ਰਤਾਂ ਨਿਯਮ 1994 ਦੇ ਰੂਲ 18(2) ਅਧੀਨ 2 ਸਾਲ ਲਈ ਡੀਬਾਰ ਕੀਤਾ ਜਾਵੇਗਾ।

IV. ਵੱਖ-ਵੱਖ ਮਾਨਯੋਗ ਅਦਾਲਤਾਂ ਵਿੱਚ ਚੱਲ ਰਹੇ ਕੋਰਟ ਕੇਸਾਂ ਵਿੱਚ ਹੋਣ ਵਾਲੇ ਫੈਸਲਿਆਂ ਜਾਂ ਰਿਕਾਰਡ ਦੇ ਆਧਾਰ ਤੇ ਕੋਈ ਨਵੇਂ ਤੱਥ ਸਰਕਾਰ ਦੇ ਧਿਆਨ ਵਿੱਚ ਆਉਂਦੇ ਹਨ ਤਾਂ ਉਕਤ ਪਦਉਨਤੀਆਂ ਨੂੰ ਮੁੜ ਵਿਚਾਰਨ ਦਾ ਸਰਕਾਰ ਦਾ ਹੱਕ ਰਾਖਵਾਂ ਹੋਵੇਗਾ ਅਤੇ ਬਿਨ੍ਹਾਂ ਕਿਸੇ ਨੋਟਿਸ ਤੋਂ ਸਬੰਧਤ ਅਧਿਕਾਰੀ/ ਅਧਿਕਾਰੀਆਂ ਨੂੰ ਹੇਠਲੀ ਆਸਾਮੀ ਤੇ ਰਿਵਰਟ ਕਰ ਦਿੱਤਾ ਜਾਵੇਗਾ।

3. ਜੇਕਰ ਇਸ ਕਾਡਰ ਦਾ ਡੈਪੂਟੇਸ਼ਨ ਤੇ ਗਿਆ ਅਧਿਕਾਰੀ ਵਾਪਿਸ ਆਉਂਦਾ ਹੈ ਜਾਂ ਕਿਸੇ ਵੀ ਹੋਰ ਕਾਰਨ ਕਰਕੇ ਆਸਾਮੀਆਂ ਖਾਲੀ ਨਾ ਹੋਣ ਦੀ ਸੂਰਤ ਵਿੱਚ ਸਭ ਤੋਂ ਜੂਨੀਅਰ ਅਧਿਕਾਰੀ ਨੂੰ ਪਿਛਲੀ ਆਸਾਮੀ ਤੇ ਰਿਵਰਟ ਕਰ ਦਿੱਤਾ ਜਾਵੇਗਾ।

4. ਇਹ ਹੁਕਮ ਤੁਰੰਤ ਲਾਗੂ ਹੋਣਗੇ ਅਤੇ ਅਧਿਕਾਰੀ ਆਪਣੀ ਹਾਜ਼ਰੀ ਰਿਪੋਰਟ ਸਰਕਾਰ ਨੂੰ ਪੇਸ਼ ਕਰਨਗੇ।

5. ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

**ਮਿਤੀ, ਚੰਡੀਗੜ੍ਹ:**
**06.12.2022**

**ਨੀਲਕੰਠ ਐਸ.ਆਵ੍ਹਾਡ, ਆਈ.ਏ.ਐਸ**
**ਸਕੱਤਰ, ਪੰਜਾਬ ਸਰਕਾਰ**
**ਲੋਕ ਨਿਰਮਾਣ ਵਿਭਾਗ (ਭ ਤੇ ਮ)**

ਚਲਦਾ ਪੰਨਾ ....

ਪਿਠ.ਅੰ.ਨੰ.: 1/11/2022-ਇਸ1(1) / 3300/1-5 ਮਿਤੀ, ਚੰਡੀਗੜ੍ਹ: 06/12/2022

ਇਸਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

I. ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।
II. ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ।
III. ਮੁੱਖ ਇੰਜੀਨੀਅਰ (ਹੈ.ਕੁ) ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ ਸ਼ਾਖਾ), ਪਟਿਆਲਾ।
IV. ਡਿਪਟੀ ਡਾਇਰੈਕਟਰ, ਪੀ.ਆਰ.ਬੀ.ਡੀ.ਬੀ. ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ) ਐਸ.ਸੀ.ਓ. ਨੰ. 61-32, ਫੇਜ਼-2, ਐਸ.ਏ.ਐਸ ਨਗਰ ਮੋਹਾਲੀ ਨੂੰ ਵਿਭਾਗ ਦੀ ਵੈਬ-ਸਾਈਟ ਤੇ ਅਪਲੋਡ ਕਰਨ ਹਿੱਤ।
V. ਸਬੰਧੀ ਅਧਿਕਾਰੀ (ਮਾਰਫਤ, ਮੁੱਖ ਇੰਜੀਨੀਅਰ (ਹੈਂ.ਕੁ), ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ ਸ਼ਾਖਾ) ਪਟਿਆਲਾ)।

ਅਧੀਨ ਸਕੱਤਰ, ਲੋਕ ਨਿਰਮਾਣ

ਅੰਦਰੂਨੀ ਵੰਡ:-

1. ਵਿਸ਼ੇਸ਼ ਸਕੱਤਰ/ ਲੋਕ ਨਿਰਮਾਣ ਮੰਤਰੀ ਜੀ;
2. ਨਿ.ਸ./ ਸਕੱਤਰ, ਲੋਕ ਨਿਰਮਾਣ;
3. ਨਿ.ਸ./ ਵਿਸ਼ੇਸ਼ ਸਕੱਤਰ, ਲੋਕ ਨਿਰਮਾਣ;
4. ਨਿ.ਸਹਾ./ ਸੰਯੁਕਤ ਸਕੱਤਰ, ਲੋਕ ਨਿਰਮਾਣ;
4. ਨਿ.ਸਹਾ./ ਅਧੀਨ ਸਕੱਤਰ, ਲੋਕ ਨਿਰਮਾਣ;
5. ਸਟੈਨੋ, ਇਮਾਰਤਾਂ ਤੇ ਸੜ੍ਹਕਾਂ-1 ਅਤੇ 3 ਸ਼ਾਖਾ।